SRI GURU TEG BAHADUR KHALSA COLLEGE SRI ANANDPUR SAHIB
NSS DEPARTMENT
Rally Against Paddy Straw Burning
11th November, 2019

Volunteers of NSS Unit I,II and III of Department of NSS, Sri Guru Teg Bahadur Khalsa College organised an awareness rally against paddy straw burning in village Mangewal, Basowal and Sajmour on 11th November 2019. Volunteers interacted with farmers and convinced them to chose healthy alternative for paddy straw management instead of burning it to save the environment and health. Dr Jasvir Singh, Principal of the college encouraged the volunteers and program officers to do this service to society. All the three NSS Program officer were present during the event.









ਰੈਲੀ ਦੀ ਸ਼ੁਰੂਆਤ ਮੌਕੇ ਐੱਨਐੱਸਐੱਸ ਪ੍ਰੋਗਰਾਮ ਅਫ਼ਸਰ ਤੇ ਵਲੰਟੀਅਰ।

## ਵਲੰਟੀਅਰਾਂ ਕੱਢੀ ਵਾਤਾਵਰਨ ਚੇਤਨਾ ਰੈਲੀ

**ਸੁਰਿੰਦਰ ਸੋਨੀ, ਅਨੰਦਪੁਰ ਸਾਹਿਬ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਸਥਾਨਕ ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ 'ਵਾਤਾਵਰਣ ਚੇਤਨਾ ਮੁਹਿੰਮ' ਤਹਿਤ ਅਨੰਦਪੁਰ ਸਾਹਿਬ ਨਾਲ ਲੱਗਦੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਰੈਲੀ ਕੱਢੀ ਗਈ। ਰੈਲੀ ਦਾ ਮੰਤਵ ਕਿਸਾਨਾਂ ਅਤੇ ਪਿੰਡਾਂ ਦੇ ਲੋਕਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਨਾਲ ਪੈਦਾ ਹੋਣ ਵਾਲੇ ਨੁਕਸਾਨ ਬਾਰੇ ਜਾਣੂ ਕਰਵਾਉਣਾ ਸੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਕਿਹਾ, ਕਿ ਕਿਸਾਨਾਂ ਨੂੰ ਜਾਗਰੂਕ ਕਰਨ ਦਾ ਇਹ ਬਹੁਤ ਵਧੀਆ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਬਣਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਪ੍ਰਦੂਸ਼ਣ ਨਾਲ ਕਈ ਜਾਨਲੇਵਾ ਬਿਮਾਰੀਆਂ ਪੈਦਾ ਹੁੰਦੀਆਂ ਹਨ। ਕਾਲਜ ਦੇ ਪੀਆਰਓ ਪ੍ਰੋ.ਅਵਤਾਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ, ਕਿ ਕਾਲਜ ਦੇ ਐਨਐਸਐਸ ਵਲੰਟੀਅਰਾਂ ਵੱਲੋਂ ਰੰਗ੍ਹੂਵਾਲ ਮੋੜ ਤੋਂ ਰੈਲੀ ਦੀ ਸ਼ੁਰੂਆਤ ਕੀਤੀ ਗਈ, ਜੋ ਪਿੰਡ ਸੰਧੇਵਾਲ, ਬਾਸੋਵਾਲ, ਸਜ਼ਮੇਰ, ਬੀਕਾਪੁਰ ਤੋਂ ਹੁੰਦੇ ਹੋਏ ਪਿੰਡ ਮਾਂਗੇਵਾਲ ਵਿਖੇ ਖਤਮ ਕੀਤੀ ਗਈ। ਇਸ ਰੈਲੀ ਮੌਕੇ ਐਨਐਨਐਸ ਦੇ ਪ੍ਰੋਗਰਾਮ ਅਫ਼ਸਰ ਡਾ.ਬਲਜੀਤ ਸਿੰਘ, ਪ੍ਰੋ.ਦਿਲਸ਼ੇਰਬੀਰ ਸਿੰਘ, ਡਾ.ਅਮਨਦੀਪ ਕੌਰ, ਪ੍ਰੋ.ਰਮਨਦੀਪ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।